ਮਾਂਡਲ ਟੈਸਟ ਪੇਪਰ

ਸ਼੍ਰੇਣੀ - ਅੱਠਵੀਂ

ਵਿਸ਼ਾ -ਸੰਗੀਤ ( ਵਾਦਨ )

ਸੈਸ਼ਨ - 2023-2024

ਸਮਾਂ - 3 ਘੰਟੇ

ਕੁਲ ਅੰਕ-45

## ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਜਿਸ ਰਾਗ ਦੇ ਆਰੋਹ ਅਤੇ ਅਵਰੋਹ ਵਿੱਚ ਛੇ ਸਵਰਾਂ ਦਾ ਪ੍ਰਯੋਗ ਹੋਵੇ, ਉਸਨੂੰ ਕਿਹੜੀ ਜਾਤੀ ਦਾ ਰਾਗ ਕਹਿੰਦੇ ਹਨ?
2. ਪੰਡਿਤ ਰਵੀ ਸ਼ੰਕਰ ਜੀ ਦੇ ਪਿਤਾ ਦਾ ਨਾਮ ਸਨ?
3. ਦੱਖਣੀ ਭਾਰਤੀ ਸੰਗੀਤ ਪੱਧਤੀ ਕਿਸ ਨਾਮ ਤੋਂ ਜਾਣੀ ਜਾਂਦੀ ਹੈ?
4. ਸਿਤਾਰ ਵਾਦਨ ਵਿੱਚ ਕਿੰਨੀਆਂ ਤਰ੍ਹਾਂ ਦੀ ਸ਼ੈਲੀਆਂ ਪ੍ਰਚਲਿਤ ਹਨ?
5. ਪੰਡਿਤ ਰਵੀ ਸ਼ੰਕਰ ਜੀ ਕਿਸ ਸਾਜ਼ ਨੂੰ ਵਜਾਉਂਦੇ ਸਨ?
6. ਵਾਦਕ ਦਾ ਕੋਈ ਇੱਕ ਔਗੁਣ ਲਿਖੋ।
7. ਰਾਗ ਭੈਰਵੀ ਕਿਸ ਥਾਟ ਦਾ ਰਾਗ ਹੈ?
8. 'ਧਾਗੇ ਤਿਰਕਿਟ ਤੂੰ ਨਾ' ਕਿਹੜੀ ਤਾਲ ਦੇ ਬੋਲ ਹਨ?
9. ਝੱਪਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
10. ਰਾਗ ਖ਼ਮਾਜ ਕਿਸ ਜਾਤੀ ਦਾ ਰਾਗ ਹੈ?

(10x1=10)

(ਖ) ਖਾਲੀ ਥਾਵਾਂ

11. ਸਿਤਾਰ ਵਿੱਚ ________ ਮੁੱਖ ਖੂੰਟਿਆਂ ਹੁੰਦੀਆਂ ਹਨ।
12. ਪੰਡਿਤ ਰਵੀ ਸ਼ੰਕਰ ਜੀ ਦਾ ਜਨਮ____________ਵਿੱਖੇ ਹੋਇਆ।
13. ਸੱਤ ਸੁਰਾਂ ਦੇ ਸਮੂੰਹ ਨੂੰ ______ ਕਹਿੰਦੇ ਹਨ।
14. ਮਾਤਰਾ ਲਈ ________ਦਾ ਚਿੰਨ੍ਹ ਵਰਤਿਆ ਜਾਂਦਾ ਹੈ।
15. ਰਾਗ ਖ਼ਮਾਜ___________ਜਾਤੀ ਦਾ ਰਾਗ ਹੈ।

(5X1=5)

(ਗ) ਸਹੀ/ਗ਼ਲਤ

16. ਥਾਟਾਂ ਵਿੱਚ ਰਾਗ ਉਤਪੰਨ ਕਰਨ ਦੀ ਸ਼ਕਤੀ ਨਹੀਂ ਹੁੰਦੀ।
17. ਥਾਂਟਾਂ ਦਾ ਸਿੱਧਾਂਤ ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਨੇ ਨਹੀਂ ਦਿੱਤਾ।
18. ਝੱਪਤਾਲ ਨੂੰ ਭਜਨ ਨਾਲ ਵਜਾਇਆ ਜਾਂਦਾ।
19. ਰਾਗ ਖ਼ਮਾਜ ਵਿੱਚ ਰੇ, ਅਤੇ ਨੀ ਸਵਰ ਨਹੀਂ ਲੱਗਦੇ ਹਨ।

(4X1=4)

## ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਤਾਲ ਵਿੱਚ ਸਮ ਦੀ ਮਹੱਤਤਾ ਬਾਰੇ ਦੱਸੋ?
21. ਵਾਦਕ ਦੇ ਕੋਈ ਚਾਰ ਗੁਣ ਲਿਖੋ।
22. ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੇ ਸਪਤਕ ਨੂੰ ਉਧਾਹਰਣ ਸਹਿਤ ਲਿਖੋ।
23. ਥਾਟ ਦੇ ਕੋਈ ਦੋ ਨਿਯਮ ਲਿਖੋ।
24. ਸਿਤਾਰ ਦੇ ਕੋਈ ਚਾਰ ਅੰਗਾਂ ਬਾਰੇ ਲਿਖੋ।
25. ਇੱਕਤਾਲ ਦਾ ਪਰਿਚੈ ਲਿਖੋ।
26. ਝੱਪਤਾਲ ਨੂੰ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
27. ਰਾਗ ਭੈਰਵੀ ਦਾ ਪਰਿਚੈ ਲਿਖੋ।

(8x2=16)

## ਭਾਗ – ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਜਾਤੀ ਬਾਰੇ ਦੱਸਦੇ ਹੋਏ, ਇਸਦੀਆਂ ਉਪਜਾਤੀਆਂ ਨੂੰ ਵਿਸਥਾਰ ਨਾਲ ਸਮਝਾਓ।

ਜਾਂ

ਸਿਤਾਰ ਦੀਆਂ ਮੁੱਖ ਤਾਰਾਂ ਬਾਰੇ ਵਿਸਥਾਰ ਨਾਲ ਦੱਸੋ।

29. ਰਾਗ ਭੈਰਵੀ ਜਾਂ ਖਮਾਜ ਵਿੱਚ ਦਰੁੱਤ/ਰਜ਼ਾਖਾਂਨੀ ਗਤ ਲਿਖੋ।

ਜਾਂ

ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।

(2X5=10)